# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

ਮਾਸਟਰ ਪਰਮਵੇਦ

Epaper World Punjabi Times | 20 ਮਈ 2025 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਮਹਿੰਦਰ ਸੂਦ ਵਿਰਕ ਦਾ ਚੌਥਾ ਕਾਵਿ ਸੰਗ੍ਰਹਿ " ਸੱਚੇ ਸੁੱਚੇ ਹਰਫ਼ " ਪਿੰਡ ਕੁੱਕੜਾਂ ਵਿਖੇ 18 ਮਈ ਨੂੰ ਕੀਤਾ ਗਿਆ ਰਿਲੀਜ਼

ਵਰਲਡ ਪੰਜਾਬੀ ਟਾਈਮਜ਼ – ਅਸ਼ੋਕ ਸ਼ਰਮਾ-ਪ੍ਰੀਤ ਕੌਰ ਪ੍ਰੀਤੀ



ਕੁੱਕੜਾਂ 20 ਮਈ : ਪੰਜਾਬ ਦੇ ਪ੍ਰਸਿੱਧ ਪੰਜਾਬੀ ਲੇਖਕ ਤੇ ਕਵੀ ਮਹਿੰਦਰ ਸੂਦ ਵਿਰਕ ਜੀ ਦਾ ਚੌਥਾ ਕਾਵਿ ਸੰਗ੍ਰਹਿ " ਸੱਚੇ ਸੁੱਚੇ ਹਰਫ਼ " ਮਿਤੀ 18 ਮਈ ਦਿਨ ਐਤਵਾਰ ਨੂੰ ਸੂਦ ਵਿਰਕ ਦੀ ਦੇ ਪਰਿਵਾਰ ਅਤੇ ਸੂਦ ਜਠੇਰੇ ਪ੍ਰਬੰਧਕ ਕਮੇਟੀ ਵੱਲੋਂ ਸੂਦ ਜਠੇਰਿਆਂ ਦੇ ਸਲਾਨਾ ਜੋੜ ਮੇਲੇ ਮੌਕੇ ਪਿੰਡ ਕੁੱਕੜਾਂ ਵਿਖੇ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਵਿੱਚ ਰਿਲੀਜ਼ ਕੀਤਾ ਗਿਆ। ਇਹ ਇੱਕ ਡਿਜੀਟਲ ਈ-ਬੁੱਕ ਹੈ ਜਿਸ ਦਾ ਪ੍ਰਕਾਸ਼ਨ "ਹਰਸਰ ਪਬਲੀਕੇਸ਼ਨ" ਜਸਪ੍ਰੀਤ ਸਿੰਘ 'ਜੱਸੀ' ਲੁਧਿਆਣਾ ਵੱਲੋਂ ਕੀਤਾ ਗਿਆ ਹੈ। ਇਸ ਮੌਕੇ ਗਾਇਕ ਬਲਜਿੰਦਰ ਬੈਂਸ ਨੇ ਸੂਦ ਵਿਰਕ ਜੀ ਨੂੰ ਵਿਸ਼ੇਸ਼ ਵਧਾਈ ਦਿੱਤੀ। ਇਸ ਮੌਕੇ ਸੂਦ ਵਿਰਕ ਨੇ ਆਏ ਹੋਏ ਸਮੂਹ ਪਰਿਵਾਰ ਮੈਂਬਰ ਮਾਤਾ ਜੀ, ਤਾਈ ਜੀ, ਭਾਬੀਆਂ, ਭੈਣ , ਭਤੀਜਾ ਭਤੀਜਿਆਂ ਅਤੇ ਸੂਦ ਜਠੇਰੇ ਦੇ ਪ੍ਰਬੰਧਕ ਕਮੇਟੀ ਦੇ ਮੈਂਬਰ ਸਹਿਬਾਨ ਅਤੇ ਆਏ ਹੋਏ ਹੋਰ ਪਤਵੰਤੇ ਸੱਜਣਾਂ ਦਾ ਵਿਸ਼ੇਸ਼ ਧੰਨਵਾਦ ਕੀਤਾ।

## ਫੁੱਲ ਦਾਰ ਬੂਟੇ, ਜੰਗਲ ਤੇ ਫ਼ਲਦਾਰ ਬੂਟਿਆਂ ਨਾਲ ਮਹਿਕ ਰਿਹਾ, ਗੁਰਦੁਆਰਾ ਸਾਹਿਬ ਕਲਾਲਾ

ਵਰਲਡ ਪੰਜਾਬੀ ਟਾਈਮਜ਼ – ਜਗਮੋਹਨ ਸ਼ਾਹ ਰਾਏਸਰ



ਮਹਿਲ ਕਲਾਂ ,20ਮਈ : ਨੇੜਲੇ ਪਿੰਡ ਕਲਾਲਾ ਦੇ ਗੁਰਦੁਆਰਾ ਸਾਹਿਬ ਦੀਨਿਵੇਕਲੀ ਦਿੱਖ ਹਰ ਆਉਣ ਵਾਲੇ ਨੂੰ ਆਪਣੇ ਵੱਲ ਖਿੱਚਦੀ ਹੈ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਚੜਦੇ ਪਾਸੇ ਤਿੰਨ ਕਨਾਲ ਜ਼ਮੀਨ ਵਿਚ ਫਲਦਾਰ ਬੂਟਿਆਂ ਅਤੇ ਮੈਡੀਕਲ ਪਲਾਂਟ ਲਗਾਇਆ ਹੋਇਆ ਹੈ। ਜਿਸ ਵਿਚ ਨਿੰਬੂ, ਕਿੰਨੂ, ਅਮਰੂਦ, ਅਨਾਰ, ਅੰਜੀਰ,ਕੇਲਾ ,ਜਾਮਣ , ਅਮਰੂਦ ਤੋਂ ਇਲਾਵਾ ਮੈਡੀਕਲ ਪਲਾਂਟ ਨਾਲ ਸਬੰਧਤ ਸੁਹਾਂਜਣਾ, ਕੜੀ ਪੱਤੇ, ਤੁਲਸੀ, ਪੱਥਰ ਚੱਟ, ਇਨਸੋਲੀਨ, ਔਲੇ ਅਤੇ ਬਿਲ ਦੇ ਬੂਟੇ ਲਗਾਏ ਹੋਏ ਹਨ। ਉਹਨਾਂ ਦੱਸਿਆ ਕਿ ਜੇਕਰ ਕੋਈ ਵਿਅਕਤੀ ਫ਼ਲ ਖਾਣ ਲਈ ਲੈਕੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਪੰਦਰਾਂ ਮਿੰਟ ਨਾਮ ਸਿਮਰਨ ਦੀ ਬੇਨਤੀ ਕੀਤੀ ਜਾਂਦੀ ਹੈ।

ਗੁਰਦੁਆਰਾ ਕਮੇਟੀ ਦੇ ਮੁੱਖ ਸੇਵਾਦਾਰ ਵਜੋਂ ਸੇਵਾ ਨਿਭਾਅ ਰਹੇ ਮਾ ਗੁਰਵਿੰਦਰ ਸਿੰਘ ਕਲਾਲਾ ਮੁਤਾਬਕ ਗੁਰਦੁਆਰਾ ਸਾਹਿਬ ਦੇ ਅੰਦਰ ਗੇਟ ਵੜਦਿਆਂ ਹੀ ਲਾਇਬ੍ਰੇਰੀ ਬਣਾਈ ਗਈ ਹੈ ਤਾਂ ਜੋ ਸੰਗਤਾਂ ਇਤਿਹਾਸ ਨਾਲ ਜੁੜੀਆਂ ਰਹਿਣ। ਉਹਨਾਂ ਕਿਹਾ ਕਿ ਲਾਇਬ੍ਰੇਰੀ ਵਿਚ ਇੱਕ ਹਜ਼ਾਰ ਦੇ ਕਰੀਬ ਪੁਸਤਕਾਂ ਹਨ। ਇਹ ਪੁਸਤਕਾਂ ਦਿੱਲੀ ਪ੍ਰਕਾਸ਼ਨ ਵੱਲੋਂ ਆਈਆਂ ਹਨ। ਇਸ ਤਰ੍ਹਾਂ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਨੂੰ ਧਾਰਮਿਕ ਸਿਲੇਬਸ ਦੀਆਂ ਕਲਾਸਾਂ ਵੀ ਲਾਈਆਂ ਜਾਂਦੀਆਂ ਹਨ , ਫਿਰ ਸਿਲੇਬਸ ਚੋਂ ਹੀ ਪੇਪਰ ਲਏ ਜਾਂਦੇ ਹਨ। ਗੁਰੂ ਨਾਨਕ ਮਿਸ਼ਨ ਇੰਗਲੈਂਡ ਦੇ ਅਧੀਨ ਚਲ ਰਹੀ ਇਸ ਧਾਰਮਿਕ ਪੜਾਈ ਵਾਰੇ ਮਾ ਮਲਕੀਤ ਸਿੰਘ ਮਹਿਲਕਲਾਂ ਦੇ ਧਰਮ ਪਤਨੀ ਬੀਬੀ ਕਲਾਸਾਂ ਲਗਾਉਂਦੇ ਹਨ।


ਗੁਰਦੁਆਰਾ ਸਾਹਿਬ ਦੇ ਬਹੁਪੱਖੀ ਵਿਕਾਸ ਲਈ ਸਰਪੰਚ ਰਣਜੀਤ ਸਿੰਘ ਰਾਣਾ, ਗ੍ਰੀਨ ਕਲੱਬ ਦੇ ਪ੍ਰਧਾਨ ਲਛਮਣ ਸਿੰਘ ਰੋਗੀ , ਗ੍ਰੰਥੀ ਬਾਬਾ ਸੁਖਦੇਵ ਸਿੰਘ ਜੀ , ਬਲਵਿੰਦਰ ਸਿੰਘ ਹਰਜਿੰਦਰ ਸਿੰਘ ਮੀਤ ਪ੍ਰਧਾਨ, ਸਤਿਕਾਰ ਕਮੇਟੀ ਦੇ ਪ੍ਰਧਾਨ ਜਰਨੈਲ ਸਿੰਘ ਕਲਾਲਾ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਤਰਸੇਮ ਲਾਲ ਜੀ,ਮਾ ਕਰਤਾਰ ਸਿੰਘ ਕੈਨੇਡਾ ਸਾਰੇ ਇਕੱਠੇ ਹੋ ਕੇ ਸੇਵਾਵਾਂ ਨਿਭਾ ਰਹੇ ਹਨ। ਸਤਿਕਾਰ ਕਮੇਟੀ ਵੱਲੋਂ ਜਿਸ ਘਰ ਵਿਚ ਮਹਾਰਾਜ ਜੀ ਦੇ ਪ੍ਰਕਾਸ਼ ਹੁੰਦੇ ਹਨ ਉਸ ਘਰ ਤੱਕ ਰਸਤੇ ਦੀ ਸਫਾਈ ਅਤੇ ਰਸਤੇ ਦੇ ਦੋਹੀਂ ਪਾਸੀ ਕਲੀ ਪਾਉਣ ਦੀ ਸੇਵਾ ਨਿਭਾਅ ਰਹੀ ਹੈ। ਬੱਚਿਆਂ, ਬੀਬੀਆਂ ਅਤੇ ਬਾਕੀ ਸੰਗਤ ਨੂੰ ਗੁਰਬਾਣੀ ਨਾਲ ਜੋੜਨ ਲਈ ਜੂਨ ਚ ਭਾਈ ਕੁਲਵੰਤ ਸਿੰਘ ਜੀ ਦੀ ਅਵਾਜ਼ ਵਿਚ ਆਡੀਓ ਰਿਕਾਰਡਿੰਗ ਸੰਗਤਾਂ ਨੂੰ ਸੁਣਾਈ ਜਾਇਆ ਕਰੇਗੀ। ਹਰੇਕ ਐਤਵਾਰ ਨੂੰ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਗਾਇਨ ਹੁੰਦਾ ਹੈ।

## ਤਰਕਸ਼ੀਲਾਂ ਵੱਲੋਂ ਸਤਵੀਂ ਵਿਦਿਆਰਥੀ ਚੇਤਨਾ ਪ੍ਰੀਖਿਆ ਗ਼ਦਰ ਲਹਿਰ ਦੀ ਨਾਇਕਾ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ

### ਸੂਬਾ ਪੱਧਰੀ ਚੇਤਨਾ ਪ੍ਰੀਖਿਆ 29 ਤੇ 31 ਅਗਸਤ ਨੂੰ

### ਵਿਦਿਆਰਥੀ ਚੇਤਨਾ ਪ੍ਰੀਖਿਆ ਦੀ ਸਿਲੇਬਸ ਪੁਸਤਕਾਂ ਉਪਲੱਬਧ

ਵਰਲਡ ਪੰਜਾਬੀ ਟਾਈਮਜ਼ – ਮਾਸਟਰ ਪਰਮਵੇਦ






ਵਿਗਿਆਨਕ ਚੇਤਨਾ ਲਹਿਰ :

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਲਈ ਜਾਣ ਵਾਲੀ ਵਿਦਿਆਰਥੀ ਚੇਤਨਾ ਪ੍ਰੀਖਿਆ 2025 (ਮਿਡਲ ਤੇ ਸੈਕੰਡਰੀ)ਦੀ ਪੁਸਤਕ ਛਪ ਗਈ ਹੈ।ਬਹੁਤ ਜਲਦ ਜ਼ੋਨ ਮੁਖੀਆਂ ਰਾਹੀਂ ਪੰਜਾਬ ਭਰ ਦੀਆਂ ਤਰਕਸ਼ੀਲ ਇਕਾਈਆਂ ਤੱਕ ਪਹੁੰਚ ਜਾਵੇਗੀ।ਮਹਾਨ ਗ਼ਦਰੀ ਵੀਰਾਂਗਣਾਂ ਬੀਬੀ ਗੁਲਾਬ ਕੌਰ ਨੂੰ ਸਮਰਪਿਤ ਸੱਤਵੀਂ ਚੇਤਨਾ ਪ੍ਰੀਖਿਆ 29 ਤੇ 31 ਅਗਸਤ ਨੂੰ ਹੋਵੇਗੀ।ਸਮੂਹ ਸਕੂਲ ਮੁਖੀਆਂ, ਅਧਿਆਪਕਾਂ, ਮਾਪਿਆਂ ਤੇ ਸਮਾਜ ਦਾ ਭਲਾ ਲੋਚਦੇ ਸੱਜਣਾਂ ਤੋਂ ਵਿਗਿਆਨਕ ਚੇਤਨਾ ਦੇ ਪਾਸਾਰ ਲਈ ਵੱਧ ਤੋਂ ਵੱਧ ਸਕੂਲਾਂ ਤੇ ਵਿਦਿਆਰਥੀਆਂ ਤੱਕ ਇਹ ਪੁਸਤਕ ਪੁਜਦਾ ਕਰਨ ਵਿੱਚ ਭਰਵੇਂ ਸਹਿਯੋਗ ਦੀ ਆਸ ਰੱਖਦੇ ਹਾਂ।

ਮੁੱਖ ਦਫਤਰ, ਤਰਕਸ਼ੀਲ ਭਵਨ ਬਰਨਾਲਾ

ਸੰਪਰਕ: 98728 74620, 98769 53561

ਸੰਗਰੂਰ 20 ਮਈ : ਤਰਕਸ਼ੀਲ ਸੁਸਾਇਟੀ ਪੰਜਾਬ ਵਿਗਿਆਨਕ ਚੇਤਨਾ ਦਾ ਪ੍ਰਚਾਰ ਕਰਨ ਵਾਲੀ ਇਕ ਅਜਿਹੀ ਸੰਸਥਾ ਹੈ ਜਿਹੜੀ ਲੰਮੇ ਸਮੇਂ ਤੋਂ ਸਮਾਜ ਵਿੱਚ ਪ੍ਰਚਲਤ ਅੰਧਵਿਸ਼ਵਾਸਾਂ ,ਵਹਿਮ -ਭਰਮਾਂ ਤੇ ਪਿਛਾਂਹ ਖਿੱਚੂ ਸੰਸਕਾਰਾਂ ਤੇ ਰਸਮੋ ਰਿਵਾਜਾਂ ਦੇ ਖਾਤਮੇ ਲਈ ਯਤਨਸ਼ੀਲ ਹੈ ।ਸੁਸਾਇਟੀ ਵੱਲੋਂ ਆਪਣੇ ਇਸ ਕਾਰਜ ਦੀ ਪੂਰਤੀ ਲਈ ਦੋ ਮਾਸਿਕ ਮੈਗਜ਼ੀਨ ( ਪੰਜਾਬੀ ਤੇ ਹਿੰਦੀ )ਪ੍ਰਕਾਸ਼ਿਤ ਕੀਤਾ ਜਾਂਦਾ ਹੈ, ਜਿਸ ਵਿਚ ਪਾਠਕਾਂ ਲਈ ਦੋ ਮਹੀਨਿਆਂ ਵਿੱਚ ਵਾਪਰਨਾ ਵਾਲੀਆਂ ਘਟਨਾਵਾਂ ਦੇ ਵਰਨਣ ਤੋਂ ਇਲਾਵਾ ਮਨੋਵਿਗਿਆਨ ਸਿਹਤ ਸਿੱਖਿਆ ਤੇ ਸੰਸਾਰ ਪੱਧਰ ਦੀਆਂ ਵਿਗਿਆਨਕ ਖੋਜਾਂ ਬਾਰੇ ਪੜ੍ਹਨਯੋਗ ਰਚਨਾਵਾਂ ਹੁੰਦੀਆਂ ਹਨ। ਸੁਸਾਇਟੀ ਵੱਲੋਂ ਹੁਣ ਤਕ 50 ਦੇ ਕਰੀਬ ਪੁਸਤਕਾਂ ਛਾਪੀਆਂ ਜਾ ਚੁੱਕੀਆਂ ਹਨ। ਇਹਨਾਂ ਪੁਸਤਕਾਂ ਦੇ ਚਾਨਣ ਨੂੰ ਹਰੇਕ ਸਕੂਲ ,ਕਾਲਜ ,ਪਿੰਡ, ਸ਼ਹਿਰ ਤਕ ਪੁਜਦਾ ਕਰਨ ਲਈ ਤਰਕਸ਼ੀਲ ਸਾਹਿਤ ਵੈਨ ਵੀ ਹੈ। ਵਿਦਿਆਰਥੀਆਂ ਵਿਚ ਵਿਗਿਆਨਕ ਸੋਚ ਦਾ ਸੰਚਾਰ ਕਰਨ ਲਈ ਪਿਛਲੇ 7 ਸਾਲਾਂ ਤੋਂ ਹਰ ਸਾਲ ਇਕ ਪ੍ਰੀਖਿਆ ਲਈ ਜਾਂਦੀ ਹੈ ,ਜਿਸ ਵਿੱਚ ਪੰਜਾਬ ਭਰ ਵਿਚੋਂ ਹਜ਼ਾਰਾਂ ਵਿਦਿਆਰਥੀਆਂ ਭਾਗ ਲੈਂਦੇ ਹਨ।ਇਸ ਲਈ ਤਰਕਸ਼ੀਲ ਸੁਸਾਇਟੀ ਮਿਡਲ ਅਤੇ ਇਸ ਤੋਂ ਉੱਪਰਲੀਆਂ ਸ਼੍ਰੇਣੀਆਂ ਲਈ ਵੱਖ ਵੱਖ ਪੁਸਤਕਾਂ ਛਾਪਦੀ ਹੈ ,ਜਿਨ੍ਹਾਂ ਵਿੱਚ ਅੰਧਵਿਸ਼ਵਾਸ ਅਤੇ ਵਹਿਮਾਂ-ਭਰਮਾਂ ਵਿਚੋਂ ਨਿਕਲ ਕੇ ਵਿਗਿਆਨਕ ਸੋਚ ਅਪਨਾਉਣ ਲਈ ਸੇਧ ਦੇਣ ਵਾਲੇ ਪਾਠ ਹੁੰਦੇ ਹਨ। ਇਨ੍ਹਾਂ ਵਿੱਚ ਉਨ੍ਹਾਂ ਵਿਗਿਆਨੀਆਂ, ਸ਼ਹੀਦਾਂ ,ਚਿੰਤਕਾਂ ਨਾਲ ਜਾਣ ਪਛਾਣ ਕਰਵਾਈ ਜਾਂਦੀ ਹੈ ,ਜਿਨ੍ਹਾਂ ਨੇ ਇਸ ਧਰਤੀ ਉੱਤੇ ਮਨੁੱਖੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਆਪਣੀਆਂ ਜ਼ਿੰਦਗੀਆਂ ਅਰਪਣ ਕਰ ਦਿੱਤੀਆਂ।ਇਸ ਪੁਸਤਕ ਵਿੱਚ ਸਹੀ ਖਾਣ ਪੀਣ, ਮਾਨਸਿਕ ਤੇ ਸਰੀਰਕ ਸਿਹਤ ਨੂੰ ਤੰਦਰੁਸਤ ਰੱਖਣ ਅਤੇ ਬੁਰੀਆਂ ਆਦਤਾਂ ਤੋਂ ਬਚਣ ਸਬੰਧੀ ਵੀ ਲਿਖਤਾਂ ਹੁੰਦੀਆ ਹਨ!

ਇਨ੍ਹਾਂ ਪੁਸਤਕਾਂ ਨੂੰ ਪੜ੍ਹਨ ਨਾਲ ਵਿਦਿਆਰਥੀਆਂ ਵਿਚ ਆਤਮ ਵਿਸ਼ਵਾਸ ਵੀ ਪੈਦਾ ਹੁੰਦਾ ਹੈ। ਵਿਦਿਆਰਥੀ ਸਿਲੇਬਸ ਦੇ ਦਾਇਰੇ ਵਿੱਚੋਂ ਬਾਹਰ ਨਿਕਲ ਕੇ ਸੰਸਾਰ ਅੰਦਰ ਵਾਪਰਨ ਵਾਲੇ ਹੋਰ ਵਰਤਾਰਿਆਂ ਬਾਰੇ ਸਹੀ ਜਾਣਕਾਰੀ ਹਾਸਲ ਕਰਦੇ ਹਨ।ਜੋਨ ਜਥੇਬੰਦਕ ਮੁਖੀ ਮਾਸਟਰ ਪਰਮ ਵੇਦ,ਮੀਡੀਆ ਮੁਖੀ ਸੀਤਾ ਰਾਮ ਬਾਲਦ ਕਲਾਂ ਤੇ ਵਿਤ ਮੁਖੀ ਸੋਹਣ ਸਿੰਘ ਮਾਝੀ ਨੇ ਦੱਸਿਆ ਕਿ ਇਸ ਵਾਰ ਸੂਬਾ ਪੱਧਰੀ ਸਤਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ 29 ਤੇ 31ਅਗਸਤ ਨੂੰ ਲਈ ਜਾਵੇਗੀ।ਇਸ ਸਾਲ ਇਹ ਪ੍ਰੀਖਿਆ ਗ਼ਦਰ ਲਹਿਰ ਦੀ ਨਾਇਕਾ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਹੈ।ਇਸ ਪ੍ਰੀਖਿਆ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਵਿਦਿਆਰਥੀਆਂ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਲੱਖਾਂ ਰੁਪਏ ਦੀਆਂ ਅਗਾਂਹ ਵਧੂ ਵਿਚਾਰਾਂ ਵਾਲੀਆਂ ਪੁਸਤਕਾਂ ਇਨਾਮ ਵਿੱਚ ਦਿਤੀਆਂ ਜਾਣਗੀਆਂ ਅਤੇ ਪੰਜਾਬ ਪੱਧਰ ਤੇ ਸਿਖਰਲੇ ਵਿਦਿਆਰਥੀਆਂ ਨੂੰ ਨਕਦ ਇਨਾਮ ਵੀ ਦਿੱਤੇ ਜਾਣਗੇ। ਵਿਦਿਆਰਥੀਆਂ ਕੋਲੋਂ ਪੁਸਤਕ ਦੀ ਲਾਗਤ ਕੀਮਤ ਚਾਲੀ ਰੁਪਏ ਹੀ ਲਈ ਜਾਵੇਗੀ।ਇਸ ਕਾਰਜ ਲਈ ਤਰਕਸ਼ੀਲ ਸੁਸਾਇਟੀ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ, ਅਧਿਆਪਕਾਂ,ਸਕੂਲ ਮੁਖੀਆਂ, ਸਕੂਲ ਮੈਨੇਜਮੈਂਟ ਕਮੇਟੀਆਂ ਨੂੰ ਪਹਿਲਾਂ ਦੀ ਤਰ੍ਹਾਂ ਪੂਰਨ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ ।ਸਮਾਜ ਦੇ ਭਲੇ ਲਈ ਵਿਗਿਆਨਕ ਚੇਤਨਾ ਦਾ ਪ੍ਰਚਾਰ ਪ੍ਰਸਾਰ ਚਾਹੁੰਦੇ ਸਹਿਯੋਗੀਆਂ ਤੋਂ ਆਰਥਿਕ ਸਹਾਇਤਾ ਦੀ ਅਪੀਲ ਵੀ ਕੀਤੀ ਹੈ ਤਾਂ ਕਿ ਇਸ ਸਾਰਥਿਕ ਕਾਰਜ ਨੂੰ ਵੱਧ ਤੋਂ ਵੱਧ ਵਿਦਿਆਰਥੀਆਂ ਤੱਕ ਲਿਜਾ ਸਕੀਏ। ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਭਰਮ ਮੁਕਤ ,ਲੁੱਟ -ਖਸੁੱਟ ਰਹਿਤ ,ਚੰਗੀਆਂ ਕਦਰਾਂ ਕੀਮਤਾਂ ਵਾਲੇ ਸਮਾਜ ਦੀ ਸਿਰਜਣਾ ਵਿਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

## ਪ੍ਰਵਾਸੀ ਲੇਖਕ ਗੁਰਿੰਦਰਜੀਤ ਦੀ ਪੁਸਤਕ 'ਬਰਫ 'ਚ ਉੱਗੇ ਅਮਲਤਾਸ' ਰਿਲੀਜ਼ ਹੋਈ

### ਮੈਗਜ਼ੀਨ 'ਪ੍ਰਤਿਮਾਨ' ਦਾ ਨਵਾਂ ਅੰਕ ਲੋਕ ਅਰਪਣ ਹੋਇਆ

ਵਰਲਡ ਪੰਜਾਬੀ ਟਾਈਮਜ਼ – ਹਰਦੇਵ ਚੌਹਾਨ

ਚੰਡੀਗੜ੍ਹ, 20 ਮਈ : ਗੰਭੀਰ ਸਾਹਿਤਕ ਸਮਾਗਮ ਕਰਵਾਉਣ ਦੀ ਪਰੰਪਰਾ ਤਹਿਤ 'ਪ੍ਰਤਿਮਾਨ ਸਾਹਿਤਿਕ ਮੰਚ ਪਟਿਆਲਾ', ਵੱਲੋਂ ਪ੍ਰਵਾਸੀ ਲੇਖਕ ਗੁਰਿੰਦਰਜੀਤ ਦੀ ਪਲੇਠੀ ਪੁਸਤਕ 'ਬਰਫ ਚ ਉੱਗੇ ਅਮਲਤਾਸ' ਦਾ ਰਿਲੀਜ਼ ਸਮਾਰੋਹ ਅਤੇ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਪ੍ਰਧਾਨਗੀ ਉੱਘੇ ਕਵੀ ਅਤੇ ਸਾਬਕਾ ਆਈ.ਆਰ.ਐਸ., ਸ੍ਰ. ਬੀ. ਐੱਸ. ਰਤਨ ਨੇ ਕੀਤੀ । ਮੁੱਖ ਮਹਿਮਾਨ ਵਜੋਂ ਸ੍ਰ. ਜਸਵੰਤ ਸਿੰਘ ਜ਼ਫਰ, ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ ਤੇ ਵਿਸ਼ੇਸ਼ ਮਹਿਮਾਨ ਵਜੋਂ ਪ੍ਰੋਫੈਸਰ ਅਤੈ ਸਿੰਘ, ਮਕਬੂਲ ਸ਼ਾਇਰ ਗੁਰਦੇਵ ਚੌਹਾਨ ਅਤੇ ਪ੍ਰੋਫੈਸਰ ਜਗਮੋਹਣ ਸਿੰਘ ਨੇ ਸ਼ਿਰਕਤ ਕੀਤੀ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਭ ਤੋਂ ਪਹਿਲਾਂ 'ਪ੍ਰਤਿਮਾਨ ਸਾਹਿਤਕ ਮੰਚ' ਦੇ ਸੰਸਥਾਪਕ ਡਾ. ਅਮਰਜੀਤ ਕੌਂਕੇ ਨੇ ਸਭਨਾਂ ਜੀਆਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਪ੍ਰਤਿਮਾਨ ਸਾਹਿਤਿਕ ਮੰਚ ਦਾ ਮਕਸਦ ਚੰਗੇਰੇ ਸਾਹਿਤ ਬਾਰੇ ਸੰਵਾਦ ਰਚਾਉਣਾ ਅਤੇ ਪਾਠਕਾਂ ਵਿੱਚ ਪੜ੍ਹਨ ਦੀ ਰੁਚੀ ਪੈਦਾ ਕਰਨਾ ਹੈ।

ਪੁਸਤਕ 'ਬਰਫ 'ਚ ਉੱਗੇ ਅਮਲਤਾਸ' ਦੇ ਵਿਮੋਚਨ ਉਪਰੰਤ ਡਾ. ਅਮਰਜੀਤ ਕੌਂਕੇ ਦੀ ਸੰਪਾਦਨਾ ਹੇਠ 22 ਵਰ੍ਹਿਆਂ ਤੋਂ ਛਪ ਰਹੇ ਤ੍ਰੈਮਾਸਕ ਮੈਗਜ਼ੀਨ 'ਪ੍ਰਤਿਮਾਨ' ਦਾ ਨਵਾਂ ਅੰਕ ਰਿਲੀਜ਼ ਕੀਤਾ ਗਿਆ।

ਭਲੇ ਤੇ ਪ੍ਰਵਾਸੀ ਲੇਖਕ ਗੁਰਿੰਦਰਜੀਤ ਨੇ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਬੋਲਦਿਆਂ ਇਸ ਕਿਤਾਬ ਦੀ ਰਚਨਾਕਾਰੀ ਸਬੰਧੀ ਅਹਿਮ ਨੁਕਤੇ ਸਾਂਝੇ ਕੀਤੇ। ਉਹਨਾਂ ਦੱਸਿਆ ਕਿ ਆਪਣੇ ਪਿਛਲੇ ਜੀਵਨ ਦੀਆਂ ਯਾਦਾਂ ਅਤੇ ਹੁਣ ਦੇ







ਜੀਵਨ ਦੀਆਂ ਘਟਨਾਵਾਂ ਦੇ ਸੁਮੇਲ ਅਤੇ ਅੰਤਰ ਵਿਰੋਧਾਂ ਦੇ ਟਕਰਾਅ ਵਿੱਚੋ ਇਸ ਪੁਸਤਕ ਦੀ ਸਿਰਜਣਾ ਹੋਈ ਹੈ।

ਵਿਚਾਰ ਚਰਚਾ ਦੌਰਾਨ ਡਾਕਟਰ ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਇਹ ਕਿਤਾਬ ਪਾਠਕ ਦੇ ਮਨ ਅੰਦਰ ਨਵੇਂ ਵਿਚਾਰਾਂ ਦਾ ਪ੍ਰਤੀਪਾਦਨ ਕਰਦੀ ਹੈ। ਇਸ ਕਿਤਾਬ ਵਿੱਚ ਲੇਖਕ ਨੇ ਵਿਰਾਸਤ ਅਤੇ ਆਧੁਨਿਕਤਾ ਦਾ ਅਨੋਖਾ ਸੁਮੇਲ ਪੈਦਾ ਕੀਤਾ ਹੈ। ਡਾਕਟਰ ਅਮਰਜੀਤ ਸਿੰਘ ਨੇ ਕਿਹਾ ਕਿ ਇਸ ਕਿਤਾਬ ਦਾ ਮੂਲ ਥੀਮ ਆਪਣੇ ਪੁਰਾਣੇ ਸੱਭਿਆਚਾਰ ਨੂੰ ਪਾਰ ਸੱਭਿਆਚਾਰ ਦੇ ਨਾਲ ਜੋੜ ਕੇ ਦੇਖਣ ਦੇ ਵਿੱਚ ਨਿਹਿਤ ਹੈ। ਸ਼ਾਇਰ ਗੁਰਦੇਵ ਚੌਹਾਨ ਨੇ ਕਿਹਾ ਕਿ ਇਸ ਕਿਤਾਬ ਵਿੱਚ ਹਿਊਮਰ ਬਹੁਤ ਹੀ ਤੀਖਣ ਪੱਧਰ ਦਾ ਹੈ। ਪ੍ਰੋਫੈਸਰ ਜਗਮੋਹਣ ਸਿੰਘ ਨੇ ਗੁਰਿੰਦਰਜੀਤ ਦੀ ਪੁਸਤਕ ਨੂੰ ਪੜ੍ਹਨ ਦੇ ਨਾਲੋਂ ਜਿਆਦਾ ਮਾਨਣ ਵਾਲੀ ਆਖਿਆ। ਉਹਨਾਂ ਨੇ ਕਿਹਾ ਕਿ ਇਹ ਪੁਸਤਕ ਸਾਹਿਤਕ ਵਿਦਵਾਨਾਂ ਨੂੰ ਹੀ ਨਹੀਂ ਆਮ ਪਾਠਕ ਦੇ ਮਨ ਨੂੰ ਵੀ ਟੁੰਬਦੀ ਹੈ। ਚੰਡੀਗੜ੍ਹੀਏ ਪ੍ਰੋਫੈਸਰ ਅਤੈ ਸਿੰਘ ਨੇ ਕਿਹਾ ਕਿ ਗੁਰਿੰਦਰਜੀਤ ਦੀ ਖੂਬੀ ਇਹ ਹੈ ਕਿ ਉਹ ਢਾਡੀ ਪਰੰਪਰਾ, ਕਵੀਸ਼ਰੀ ਅਤੇ ਵਾਰਾਂ ਵਾਲੀ ਰੂੜੀ ਦੀ ਵਰਤੋਂ ਕਰਦਿਆਂ ਇਸ ਪੁਸਤਕ ਦੀ ਸਿਰਜਣਾ ਕਰਦਾ ਹੈ। ਇਹ ਪੁਸਤਕ ਪਰੰਪਰਾ ਨੂੰ ਆਧੁਨਿਕਤਾ ਨਾਲ ਜੋੜਦੀ ਹੈ। ਡਾਕਟਰ ਰਜਿੰਦਰਪਾਲ ਬਰਾੜ ਨੇ ਇਸ ਪੁਸਤਕ ਬਾਰੇ ਕਿਹਾ ਕਿ ਇਹ ਕਵਿਤਾ ਅੱਜ ਦੇ ਸਮੇਂ ਦੀ ਲੋੜ ਨੂੰ ਪੂਰਾ ਕਰਦੀ ਹੈ। ਅਮਰਜੀਤ ਕਸਕ ਨੇ ਇਸ ਕਿਤਾਬ ਵਿੱਚ ਮਨੁੱਖ ਦੇ ਦੂਜੇ ਜੀਵਾਂ ਨਾਲ ਸੰਬੰਧਾਂ ਦੀ ਨੇੜਤਾ ਨੂੰ ਪੇਸ਼ ਕਰਨ ਵਾਲੀ ਸੰਵੇਦਨਾ ਦੀ ਸ਼ਾਇਰੀ ਦੱਸਿਆ। ਉਹਨਾਂ ਨੇ ਕਿਹਾ ਕਿ ਇਹ ਪੁਸਤਕ ਰਹੱਸ ਤੇ ਵਿਗਿਆਨ ਦੇ ਅੰਤਰ ਸਬੰਧਾਂ ਨੂੰ ਵੀ ਪੇਸ਼ ਕਰਦੀ ਹੈ। ਬਲਵਿੰਦਰ ਸੰਧੂ ਨੇ ਇਸ ਪੁਸਤਕ ਵਿਚਲੇ ਕੰਟੈਂਟ ਨੂੰ ਲੈ ਕੇ ਅਹਿਮ ਨੁਕਤੇ ਸਾਂਝੇ ਕੀਤੇ। ਕੁਲਵਿੰਦਰ ਚਾਵਲਾ ਨੇ ਕਿਹਾ ਕਿ ਇਸ ਪੁਸਤਕ ਵਿੱਚ ਲੇਖਕ ਵਾਰਤਕ ਅਤੇ ਕਵਿਤਾ ਨੂੰ ਇਕੱਠਿਆਂ ਪੇਸ਼ ਕਰਕੇ ਇੱਕ ਨਵੀਂ ਵਿਧਾ ਨੂੰ ਜਨਮ ਦਿੰਦਾ ਹੈ। ਡਾਕਟਰ ਚਰਨਜੀਤ ਕੌਰ ਬਰਾੜ ਨੇ ਆਖਿਆ ਕਿ ਲੇਖਕ ਨੂੰ ਸਥਾਪਿਤ ਬਣਾਉਣ ਲਈ ਅਜਿਹੀ ਕਿਸਮ ਦੀ ਇੱਕੋ ਪੁਸਤਕ ਲਿਖਣਾ ਹੀ ਕਾਫੀ ਹੈ। ਮੁੱਖ ਮਹਿਮਾਨ ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਭਾਵੇਂ ਗੁਰਿੰਦਰਜੀਤ ਆਪਣੀ ਇਸ ਕਿਤਾਬ ਦੇ ਵਿੱਚ ਨੋਸਟੈਲਜੀਆ ਦੇ ਅਧੀਨ ਪੁਰਾਣੇ ਪੰਜਾਬ ਦੀਆਂ ਗੱਲਾਂ ਕਰਦਾ ਹੈ ਪਰ ਹੁਣ ਦਾ ਪੰਜਾਬ ਉਹਨਾਂ ਪ੍ਰਵਾਸੀਆਂ ਦੇ ਸੁਪਨੇ ਵਿਚਲੇ ਉਸ ਪੰਜਾਬ ਜਿਹਾ ਨਹੀਂ ਰਿਹਾ ਜਿਹੋ ਜਿਹਾ ਉਹ ਇਥੋਂ ਜਾਣ ਲੱਗੇ ਛੱਡ ਕੇ ਗਏ ਸਨ। ਪ੍ਰਧਾਨਅਚਾਰੀਆ ਸ੍ਰ. ਬੀ. ਐੱਸ ਰਤਨ ਨੇ ਕਿਹਾ ਕਿ 'ਬਰਫ਼ 'ਚ ਉੱਗੇ ਅਮਲਤਾਸ' ਬਾਹਰਲੇ ਮੁਲਕਾਂ ਵਿੱਚ ਰਹਿ ਰਹੇ ਬੱਚਿਆਂ ਦੇ ਬੜੀ ਹੀ ਕੰਮ ਆਉਣ ਵਾਲੀ ਪੁਸਤਕ ਹੈ। ਇਹ ਪਰਵਾਸ ਵਿਚਲੀ ਨਵੀਂ ਪਨੀਰੀ ਨੂੰ ਉਸ ਪੁਰਾਣੇ ਸੱਭਿਆਚਾਰ ਤੋਂ ਜਾਣੂ ਕਰਵਾਉਂਦੀ ਹੈ ਜਿਹੜਾ ਉਹਨਾਂ ਨੇ ਨਹੀਂ ਦੇਖਿਆ। ਹੋਰ ਬੁਲਾਰਿਆਂ ਨੇ ਵੀ ਇਸ ਪੁਸਤਕ ਦੀ ਭਰਪੂਰ ਸਿਫਤ ਸਲਾਹੁਤ

ਕੀਤੀ। ਬਚਨ ਸਿੰਘ ਗੁਰਮ, ਰਮਾ ਰਮੇਸ਼ਵਰੀ, ਗੁਰਮੁਖ ਸਿੰਘ ਜਾਗੀ ਰੁੜਕੀ, ਗੁਰਦਰਸ਼ਨ ਗੁਸੀਲ, ਇੰਦਰਪਾਲ ਸਿੰਘ, ਸਤਨਾਮ ਚੌਹਾਨ, ਗੁਰਚਰਨ ਪੱਬਾਰਾਲੀ, ਤ੍ਰਿਲੋਕ ਢਿਲੋਂ, ਨਿਰਮਲਾ ਗਰਗ, ਬਲਵਿੰਦਰ ਭੱਟੀ, ਦਰਸ਼ਨ ਸਿੰਘ ਪਸਿਆਣਾ, ਹਰਪ੍ਰੀਤ ਸਿੰਘ ਰਾਣਾ ਰਾਜਵਿੰਦਰ ਕੌਰ ਜਟਾਣਾ, ਸੁਖਦੇਵ ਨਡਾਲੋਂ, ਸੁਖਵਿੰਦਰ ਚਹਿਲ, ਅਵਤਾਰਜੀਤ, ਸਨੇਹਦੀਪ ਅਤੇ ਹੋਰ ਕਵੀਆਂ ਨੇ ਆਪਣੀਆਂ ਕਵਿਤਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ।

ਮੰਚ ਸੰਚਾਲਨ ਬਹੁਤ ਹੀ ਖੂਬਸੂਰਤੀ ਨਾਲ ਡਾਕਟਰ ਗੁਰਵਿੰਦਰ ਅਮਨ ਵੱਲੋਂ ਕੀਤਾ ਗਿਆ। ਨਵਦੀਪ ਮੁੰਡੀ ਵੱਲੋਂ ਦੂਰੋਂ ਨੇੜਿਉਂ ਆਏ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ ਗਿਆ।

ਤਿੱਖੜ ਦੁਪਹਿਰੇ ਇਸ ਪ੍ਰੋਗਰਾਮ ਦੇ ਵਿੱਚ 70 ਦੇ ਕਰੀਬ ਲੇਖਕਾਂ ਤੇ ਪਾਠਕਾਂ ਨੇ ਸਾਹਿਤਕ ਠੰਡਕ ਦਾ ਆਨੰਦ ਮਾਣਿਆ ਜਿਨਾਂ ਵਿੱਚ ਹੁਸ਼ਿਆਰਪੁਰ ਤੋਂ ਸੁਖਦੇਵ ਨਡਾਲੋਂ, ਚੰਡੀਗੜ੍ਹ ਤੋਂ ਪ੍ਰੋਫੈਸਰ ਅਤੈ ਸਿੰਘ, ਗੁਰਦੇਵ ਚੌਹਾਨ, ਹਰਦੇਵ ਚੌਹਾਨ ਅਤੇ ਲੁਧਿਆਣੇ ਤੋਂ ਪ੍ਰੋਫੈਸਰ ਜਗਮੋਹਣ ਸਿੰਘ ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ ।

## ਦਸਮੇਸ਼ ਪਬਲਿਕ ਸਕੂਲ ਵਿਖੇ ਬੱਚਿਆਂ ਦੇ ਮਨੋਰੰਜਨ ਲਈ ਲਾਇਆ ਗਿਆ 'ਵਾਟਰ-ਪਾਰਕ'

ਵਰਲਡ ਪੰਜਾਬੀ ਟਾਈਮਜ਼ – ਟਿੰਕੂ ਕੁਮਾਰ

ਕੋਟਕਪੂਰਾ/ਬਰਗਾੜੀ, 20 ਮਈ : ਦਸਮੇਸ਼ ਪਬਲਿਕ ਸਕੂਲ, ਬਰਗਾੜੀ ਵਿਖੇ ਛੋਟੀਆਂ ਕਲਾਸਾਂ ਦੇ ਬੱਚਿਆਂ ਨੂੰ ਇਮਤਿਹਾਨਾਂ ਦੀ ਥਕਾਵਟ ਅਤੇ ਗਰਮੀ ਤੋਂ ਰਾਹਤ ਦਿਵਾਉਣ ਲਈ ਸਕੂਲ ਡਾਇਰੈਕਟਰ ਜਨਰਲ ਜਸਬੀਰ ਸਿੰਘ ਸੰਧੂ ਅਤੇ ਪ੍ਰਿੰਸੀਪਲ ਯਸ਼ੂ ਧੀਂਗੜਾ ਦੀ ਦੇਖ-ਰੇਖ ਹੇਠਵਾਟਰ-ਪਾਰਕ ਲਗਾਇਆ ਗਿਆ। ਇਸ ਦੌਰਾਨ ਬੱਚਿਆਂ ਦੇ ਮਨੋਰੰਜਨ ਲਈ ਖੇਡਾਂ, ਝੂਲੇ, ਮਿਊਜੀਕਲ ਰੇਨ ਡਾਂਸ



ਅਤੇ ਗੀਤ– ਸੰਗੀਤ ਲਈ ਡੀ.ਜੇ. ਅਤੇ ਵਾਟਰ ਸਲਾਇਡ ਦਾ ਪ੍ਰਬੰਧ ਕੀਤਾ ਗਿਆ ਸੀ। ਬੱਚਿਆਂ ਨੇ ਵਾਟਰ ਗੇਮਜ਼, ਰੇਨ ਸ਼ੋਅ ਦੀ ਫੁਹਾਰਾਂ ਅਤੇ ਡੀ.ਜੇ. ਉਪਰ ਡਾਂਸ ਕਰਕੇ ਖੂਬ ਮੋਜ ਮਸਤੀ ਕੀਤੀ। ਉਹਨਾਂ ਪੂਰੀ ਖੁਸ਼ੀ ਅਤੇ ਉਤਸ਼ਾਹ ਨਾਲਵਾਟਰ-ਪਾਰਕ ਦਾ ਅਨੰਦ ਮਾਣਿਆ। ਬੱਚਿਆਂ ਦੇ ਚਿਹਰੇ ਉੱਪਰ ਰੌਣਕ ਦੇਖ ਕੇ ਬੱਚਿਆਂ ਦੇ ਮਾਪੇ ਬਹੁਤ ਖੁਸ਼ ਸਨ। ਪ੍ਰਿੰਸੀਪਲ ਯਸ਼ੂ ਧੀਂਗੜਾ ਨੇ ਕਿਹਾ ਕਿ ਸਕੂਲਾਂ ਵਿਚ ਅਜਿਹੇ ਕੈਂਪ ਲਾਉਣੇ ਬਹੁਤ ਜ਼ਰੂਰੀ ਹਨ ਤਾਂ ਕਿ ਬੱਚਿਆਂ ਨੂੰ ਦਿਮਾਗੀ ਤੌਰ 'ਤੇ ਹਰ ਤਰਾਂ ਦੀ ਥਕਾਵਟ ਤੋਂ ਰਾਹਤ ਮਿਲ ਸਕੇ ਅਤੇ ਨਵੀਂ ਊਰਜਾ ਪੈਦਾ ਹੋ ਸਕੇ। ਬੱਚਿਆਂ ਦੇ ਮਾਨਸਿਕ ਅਤੇ ਬੌਧਿਕ ਵਿਕਾਸ ਲਈ ਉਹ ਭਵਿੱਖ ਵਿੱਚ ਅਜਿਹੇ ਵਾਟਰ-ਪਾਰਕ ਦਾ ਪ੍ਰਬੰਧ ਕਰਦੇ ਰਹਿਣਗੇ। ਬੱਚਿਆਂ ਦੇ ਮਾਪਿਆਂ ਨੇ ਵਧੀਆ ਢੰਗ ਨਾਲ ਕਰਵਾਏ ਗਏ ਇਸ ਵਾਟਰ-ਪਾਰਕਦੀ ਸ਼ਲਾਘਾ ਕਰਦਿਆਂ ਸਕੂਲ ਦੀ ਸਮੁੱਚੀ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾ ਤੋਂ ਇਲਾਵਾ ਸਕੂਲ ਕੋਆਡੀਨੇਟਰਜ਼ ਸਮੇਤ ਸਮੂਹ ਸਟਾਫ਼ ਅਤੇ ਬੱਚੇ ਆਦਿ ਵੀ ਹਾਜ਼ਰ ਸਨ।